## 1. ਪੰਜਾਬ ਸਥਾਨਕ ਚੋਣ ਐਕਟ, 1923

**(ਪੰਜਾਬ ਦਾ 1923 ਦਾ ਐਕਟ ਨੰਬਰ 5)**

***(ਪੰਜਾਬ ਦੇ ਰਾਜ ਪਾਲ ਦੀ ਮਨਜ਼ੂਰੀ 3 ਨਵੰਬਰ, 1923 ਨੂੰ ਅਤੇ ਗਵਰਨਰ ਜਨਰਲ ਦੀ ਮਨਜ਼ੂਰੀ 2 ਦਿਸੰਬਰ, 1923 ਨੂੰ ਪ੍ਰਾਪਤ ਹੋਈ, ਅਤੇ ਪੰਜਾਬ ਗਜ਼ਟ ਵਿਚ 21 ਦਿਸੰਬਰ, 1923 ਨੂੰ ਪ੍ਰਕਾਸ਼ਿਤ ਹੋਇਆ )***

| 1 | 2 | 3 | 4 |
|---|---|---|---|
| ਸਾਲ | ਨੰਬਰ | ਛੋਟਾ ਸਿਰਲੇਖ | ਕਾਨੂੰਨ ਰਾਹੀਂ ਕੀਤੀਆਂ ਸੋਧਾਂ |
| 1923 | 5 | ਪੰਜਾਬ ਸਥਾਨਕ ਚੋਣ ਐਕਟ, 1923 | ਭਾਰਤ ਸਰਕਾਰ (ਭਾਰਤੀ ਕਾਨੂੰਨ ਅਨੁਕੂਲਤਾ ) ਹੁਕਮ, 1947 ਦੁਆਰਾ ਸੋਧ ਹੋਈ |
| 1948 | - | -- | ਭਾਰਤ ਦੀ ਆਜ਼ਾਦੀ (ਬੰਗਾਲ ਅਤੇ ਪੰਜਾਬ ਅਨੁਕੂਲਤਾ ਕਾਨੂੰਨ) ਹੁਕਮ, 1948 ਦੁਆਰਾ ਸੋਧ ਹੋਈ (ਜੀ. ਜੀ. ਓ. 40) |
| 1950 | -- | -- | ਕਾਨੂੰਨ ਅਨੁਕੂਲਤਾ ਹੁਕਮ, 1950 ਦੁਆਰਾ ਸੋਧ ਹੋਈ |
| 1957 | -- | -- | 1957 ਦੇ ਪੰਜਾਬ ਐਕਟ ਨੰਬਰ 7 ਦੁਆਰਾ ਪੈਪਸੂ ਵਿਚ ਵਿਸਤਾਰ ਹੋਇਆ |

***ਸਥਾਨਕ ਸੰਸਥਾਵਾਂ ਦੀ ਇੱਛਾ ਅਨੁਸਾਰ ਨਸ਼ੀਲੀ ਸ਼ਰਾਬ ਦੀ ਵਿਕਰੀ ਉਤੇ ਰੋਕ ਲਾਉਣ ਦੀ ਵਿਵਸਥਾ ਕਰਨ ਲਈ ਕਨੂੰਨ***

***ਜਿਹਾ ਕਿ ਸਥਾਨਕ ਸੰਸਥਾਵਾਂ ਨੂੰ ਵਿਸ਼ੇਸ਼ ਇਲਾਕਿਆਂ ਵਿਚ ਨਸ਼ੀਲੀ ਸ਼ਰਾਬ ਦੀ ਵਿਕਰੀ ਉਤੇ ਰੋਕ ਲਾਉਣ ਦੇ ਯੋਗ ਬਣਾਉਣਾ ਲੋੜੀਂਦਾ ਹੈ , ਅਤੇ ਜਿਹਾ ਕਿ ਭਾਰਤ ਸਰਕਾਰ ਐਕਟ ਦੀ ਧਾਰਾ 80-ਏ ਦੀ ਉਪ-ਧਾਰਾ (3) ਦੇ ਤਹਿਤ ਗਵਰਨਰ ਜਨਰਲ ਤੋਂ ਪੂਰਵ-ਵਰਤੀ ਮਨਜ਼ੂਰੀ ਪ੍ਰਾਪਤ ਕਰ ਲਈ ਗਈ ਹੈ; ਇਹ ਕਾਨੂੰਨ ਹੇਠ ਲਿਖੇ ਅਨੁਸਾਰ ਬਣਾਇਆ ਜਾਂਦਾ ਹੈ*** :-**

### ਪਾਠ-1

### ਪ੍ਰਾਰੰਭਕ

**1. ਸੰਖੇਪ ਨਾਂ , ਵਿਸਤਾਰ ਅਤੇ ਆਰੰਭ**-

(੧) ਇਸ ਐਕਟ ਨੂੰ ਪੰਜਾਬ ਸਥਾਨਕ ਚੋਣ ਐਕਟ, 1923 ਕਿਹਾ ਜਾ ਸਕੇਗਾ !

(2) ਇਹ *ਪੰਜਾਬ ਵਿਚ ਵਿਸਤਾਰਤ ਹੈ !

(3) ਇਹ ਰਾਜ ਸਰਕਾਰ ਦੁਆਰਾ ਅਧਿਸੂਚਨਾ ਰਾਹੀ *ਇਸ ਮੰਤਵ ਲਈ ਮੁਕਰਰ ਤਰੀਕ ਤੋਂ ਪ੍ਰਭਾਵ ਵਿਚ ਆਵੇਗਾ !

**2. ਪਰਿਭਾਸ਼ਾਵਾਂ**.-ਇਸ ਐਕਟ ਵਿਚ, ਜੇਕਰ ਪ੍ਰਸੰਗ ਹੋਰਵੇਂ ਨਾਂ ਲੋੜੇ-

(1) **"ਸ਼ਰਾਬ"** ਦਾ ਮਤਲਬ ਹੈ ਪੰਜਾਬ ਆਬਕਾਰੀ ਐਕਟ, 1914 (1914 ਦਾ ਐਕਟ ਨੰਬਰ 1) ਵਿੱਚ ਦਿੱਤਾ ਇਸ ਦਾ ਅਰਥ !

(2) "**ਵਿਦੇਸ਼ੀ ਸ਼ਰਾਬ**" ਦਾ ਮਤਲਬ ਹੈ -

(ਏ) ਹਰ ਤਰਾਂ ਦੀ ਸ਼ਰਾਬ, ਸਿਵਾਏ ਸੋਧੀ ਹੋਈ ਸਪਿਰਿਟ , ਅਪ੍ਰਕ੍ਰਿਤਿਕ ਸਪਿਰਿਟ ਅਤੇ ਸੁਗੰਧਤ ਸਪਿਰਿਟ ਦੇ, ਜੋ ਸਮੁੰਦਰ ਦੇ ਰਸਤੇ ਰਾਹੀਂ ਭਾਰਤ ਵਿਚ, ਸਿਵਾਏ ਭਾਗ-ਬੀ ਰਾਜਾਂ ਦੇ, ਦਰਾਮਦ ਕੀਤੀ ਜਾਂਦੀ ਹੈ;

(ਬੀ ) ਭਾਰਤ ਵਿਚ ਤਿਆਰ ਕੀਤੀ ਹਰ ਤਰਾਂ ਦੀ ਬੀਅਰ ;

**( 3 ) 'ਸਥਾਨਕ ਸੰਸਥਾ"** ਦਾ ਮਤਲਬ ਹੈ -ਪੰਜਾਬ ਜ਼ਿਲਾ ਬੋਰਡ ਐਕਟ, 1883 ( 1883 ਦਾ ਐਕਟ 20) ਜਾਂ ਪੰਜਾਬ ਮਿਉਂਸਿਪਲ ਐਕਟ, 1911 (1911 ਦਾ ਐਕਟ 3 ) ਦੇ ਤਹਿਤ, ਜਾਂ ਪੰਜਾਬ ਛੋਟੇ ਕਸਬੇ ਐਕਟ, 1921 ( 1922 ਦਾ ਐਕਟ ਨੰਬਰ 2) ਦੇ ਤਹਿਤ ਸਥਾਪਤ ਜਾਂ ਮੁਕਰਰ ਨਗਰ ਪਾਲਕਾਂ ਜਾਂ ਅਧਿਸੁਚਿਤ ਖੇਤਰ ਕਮੇਟੀ,

**(4) "ਸਸ਼ਕਤ ਸਥਾਨਕ ਸੰਸਥਾ"** ਦਾ ਮਤਲਬ ਹੈ - ਅਜਿਹੀ ਸੰਸਥਾ ਜਿਸ ਦੇ ਬਾਰੇ ਧਾਰਾ 3 ਦੇ ਅਧੀਨ ਘੋਸ਼ਨਾਂ ਹੋਈ ਹੋਵੇ ਕਿ ਉਹ ਉਕਤ ਧਾਰਾ ਵਿਚ ਮਿਥੀਆਂ ਸ਼ਕਤੀਆਂ ਦੀ ਵਰਤੋਂ ਕਰ ਸਕੇਗੀ !

**(5) "ਵਿਕਰੀ"** ਦਾ ਮਤਲਬ ਹੈ ਤੋਹਫੇ ਤੋਂ ਇਲਾਵਾ ਕੋਈ ਵੀ ਤਬਦੀਲੀ !

**(6) "ਲਾਇਸੈਂਸ ਸ਼ੁਦਾ ਦੁਕਾਨ"** ਦਾ ਮਤਲਬ ਹੈ ਪੰਜਾਬ ਆਬਕਾਰੀ ਐਕਟ, 1914 (1914 ਦਾ ਐਕਟ ਨੰਬਰ 1) ਦੇ ਤਹਿਤ ਸ਼ਰਾਬ ਦੀ ਪਰਚੂਨ ਵਿਕਰੀ ਲਈ ਕਿਸੇ ਵਿਅਕਤੀ ਦਾ ਲਾਇਸੈਂਸ ਸ਼ੁਦਾ ਵਪਾਰਕ ਅਹਾਤਾ, ਜਿਸ ਦਾ ਲਾਈਸੈਂਸ ਵਿਚ ਵਰਨਣ ਹੋਵੇ , ਪਰੰਤੂ ਇਸ ਵਿਚ ਹੇਠ ਲਿਖੇ ਸਥਾਨ , ਜਿਹਨਾਂ ਵਿਚ ਵਿਦੇਸ਼ੀ ਸ਼ਰਾਬ ਵਿਕਦੀ ਹੋਵੇ, ਸ਼ਾਮਲ ਨਹੀਂ ਹਨ, ਅਰਥਾਤ:-

(I) ਕਲੱਬ

(II) ਹੋਟਲ

(III) ਰੈਸਤਰਾਂ ਦਾ ਸ਼ਰਾਬ ਘਰ

(iv) ਰੇਲਵੇ ਦਾ ਜਲ ਪਾਨ ਰੈਸਤਰਾਂ, ਜਿਹੜਾ ਹਿੰਦੂਆਂ ਜਾਂ ਮੁਸਲਮਾਨਾਂ ਲਈ ਰਾਖਵਾਂ ਨਾਂ ਹੋਵੇ

(v) ਰੇਲਵੇ ਰੈਸਤਰਾਂ ਦਾ ਡੱਬਾ

**(7) "ਸਥਾਨਕ ਖੇਤਰ"** ਦਾ ਮਤਲਬ ਹੈ ਉਹ ਖੇਤਰ ਜਿਸ ਉੱਤੇ ਕਿਸੇ ਸਥਾਨਕ ਸੰਸਥਾ ਦਾ ਅਧਿਕਾਰ ਹੈ

**3. ਸਥਾਨਕ ਸੰਸਥਾ ਵਲੋਂ ਐਕਟ ਦੇ ਵਿਸਤਾਰ ਲਈ ਅਰਜ਼ੀ** .- ਸਥਾਨਕ ਸੰਸਥਾ ਵਲੋਂ ਦਿੱਤੀ ਅਰਜ਼ੀ ਤੇ, * (**ਰਾਜ** ) ਸਰਕਾਰ, ਅਜਿਹੀ ਅਰਜ਼ੀ ਦੇਣ ਦੀ ਤਰੀਕ ਤੋਂ ਵੱਧ ਤੋਂ ਵੱਧ ਟੀਨ ਮਹੀਨਿਆਂ ਦੇ ਅੰਤਰਾਲ ਵਿਚ, ਅਢੂਚਨਾਂ ਰਹੀ ਘੋਸ਼ਤ ਕਰੇਗੀ ਕਿ ਅਜਿਹੀ ਸਥਾਨਕ ਸੰਸਥਾ ਐਕਟ ਦੀ ਧਾਰਾ 4,5 ਅਤੇ 6 ਦੇ ਤਹਿਤ ਸ਼ਕਤੀਆਂ ਦੀ ਵਰਤੋਂ ਕਰ ਸਕੇਗੀ !

## ਪਾਠ-2

## ਸਸ਼ਕਤ ਸਥਾਨਕ ਸੰਸਥਾਵਾਂ ਦੀਆਂ ਸ਼ਕਤੀਆਂ.-

**4. ਸਥਾਨਕ ਖੇਤਰ ਵਿਚ ਸ਼ਰਾਬ ਦੀਆਂ ਦੁਕਾਨਾਂ ਦੀ ਗਿਣਤੀ ਤੇ ਬੰਦਸ਼ .-(1)** ਇਕ ਸਸ਼ਕਤ ਸਥਾਨਕ ਸੰਸਥਾ ਸਮੇਂ ਸਮੇਂ ਆਪਣੇ ਵਪਾਰਕ ਨਿਯਮਾਂ ਦੇ ਅਨੁਸਾਰ ਮਤਾ ਪਾਸ ਕਰ ਕੇ , ਆਪਣੇ ਸਥਾਨਕ ਖੇਤਰ ਵਿਚ ਸ਼ਰਾਬ ਦੀ ਵਿਕਰੀ ਕਰ ਸਕਣ ਵਾਲੀਆਂ ਸ਼ਰਾਬ ਦੀਆਂ ਲਾਇਸੈਂਸ-ਸ਼ੁਦਾ ਦੁਕਾਨ ਦੀ ਵੱਧ ਤੋਂ ਵੱਧ ਗਿਣਤੀ ਤਹਿ ਕਰ ਸਕੇਗੀ !

**(2)** ਨਗਰ ਪਾਲਕਾਂ ਦੇ ਮਾਮਲੇ ਵਿਚ ਅਜਿਹੀ ਗਿਣਤੀ, ਅਜਿਹੇ ਸਥਾਨਕ ਖੇਤਰ ਦੀ ਹੱਦ ਵਿਚ ਆਉਂਦੀਆਂ ਕੁਲੈਕਟਰ ਵਲੋਂ ਦਿਤੇ ਲਾਈਸੈਂਸ ਅਧੀਨ 31 ਮਾਰਚ, 1923 ਦੇ ਦਿਨ ਤਕ ਸ਼ਰਾਬ ਦੀ ਪਰਚੂਨ ਵਿਕਰੀ ਲਈ ਮਨਜ਼ੂਰ ਦੁਕਾਨਾਂ ਦੀ ਗਿਣਤੀ ਦੇ ਇਕ-ਤਿਹਾਈ ਤੋਂ, ਅਤੇ ਕਿਸੇ ਹੋਰ ਮਾਮਲੇ ਵਿਚ, ਅੱਧ ਤੋਂ ਘੱਟ ਨਹੀਂ ਹੋਵੇਗੀ !

**(੩)** ਅਜਿਹਾ ਮਤਾ ਉਸ ਦੇ ਪਾਸ ਕੀਤੇ ਜਾਣ ਦੇ ਤਰੀਕ ਤੋਂ ਬਾਦ ਆਉਣ ਵਾਲੇ ਅਗਲੇ ਸਾਲ ਦੀ ਅਪ੍ਰੈਲ ਦੀ ਪਹਿਲੇ ਦਿਨ ਤੋਂ ਪ੍ਰਭਾਵ ਵਿਚ ਆਵੇਗਾ !

**5. ਜਨ- ਮੱਤ ਗਣਨਾ-(1)** ਇਕ ਸਸ਼ਕਤ ਸਥਾਨਕ ਸੰਸਥਾ ਆਪਣੇ ਵਪਾਰਕ ਨਿਯਮਾਂ ਅਨੁਸਾਰ ਸਮੇਂ ਸਮੇਂ ਮਤਾ ਪਾਸ ਕਰ ਕੇ-

(ਏ) ਆਪਣੇ ਸਥਾਨਕ ਹਲਕੇ ਅੰਦਰ ਸ਼ਰਾਬ ਦੀਆਂ ਲਾਈਸੈਂਸ -ਸ਼ੁਦਾ ਦੁਕਾਨਾਂ, ਜਿਥੇ ਸ਼ਰਾਬ ਦੀ ਪਰਚੂਨ ਵਿਕਰੀ ਹੋ ਸਕੇਗੀ, ਦੀ ਵੱਧ ਤੋਂ ਵੱਧ ਗਿਣਤੀ, ਜਿਹੜੀ ਕਿ ਧਾਰਾ (4) ਦੀ ਉਪ-ਧਾਰਾ (2) ਵਿਚ ਦੱਸੇ ਅਨੁਪਾਤ ਨਾਲੋਂ ਘੱਟ ਹੋ ਸਕਦੀ ਹੈ, ਮਿਥ ਸਕੇਗੀ; ਜਾਂ

(ਬੀ) ਹੁਕਮ ਦੇ ਸਕੇਗੀ ਕਿ ਅਜਿਹੇ ਸਥਾਨਕ ਹਲਕੇ ਵਿਚ ਕਿਸੇ ਵੀ ਲਾਇੰਸੈਂਸ-ਸ਼ੁਦਾ ਦੁਕਾਨ ਤੇ ਸ਼ਰਾਬ ਦੀ ਵਿਕਰੀ ਨਾਂ ਕੀਤੀ ਜਾਵੇ :

ਪਰੰਤੂ ਅਜਿਹਾ ਕੋਈ ਮਤਾ ਇਸ ਕਾਨੂੰਨ ਦੇ ਤਹਿਤ ਤਦ ਤਕ ਪ੍ਰਭਾਵੀ ਨਹੀਂ ਹੋਵੇਗਾ, ਜਦ ਤਕ ਇਹ ਜਨ-ਮਤ ਗਣਨਾ ਦੇ ਰੂਪ ਵਿਚ ਅਜਿਹੀ ਸਸ਼ਕਤ ਸਥਾਨਕ ਸੰਸਥਾ ਦੇ ਪੰਜੀਕ੍ਰਿਤ ਚੋਣਕਾਰਾਂ ਮੂਹਰੇ ਪੇਸ਼ ਨਹੀਂ ਕੀਤਾ ਜਾਂਦਾ, ਅਤੇ ਅਜਿਹੇ ਚੋਣਕਾਰਾਂ ਦੀ ਕੁਲ ਗਿਣਤੀ ਦੇ ਦੋ-ਤਿਹਾਈ ਮਤ ਨਾਲ ਉਸ ਦੀ ਪ੍ਰੋੜ੍ਹਤਾ ਨਹੀਂ ਕੀਤੀ ਜਾਂਦੀ !

(2) ਜਦ ਕਿਸੇ ਮਤੇ ਦੀ ਉਪ-ਧਾਰਾ (1) ਦੇ ਤਹਿਤ ਪ੍ਰੋੜ੍ਹਤਾ ਹੋ ਜਾਂਦੀ ਹੈ, ਤਾਂ ਅਜਿਹਾ ਮਤਾ ਅਜਿਹੀ ਪ੍ਰੋੜ੍ਹਤਾ ਦੀ ਤਰੀਕ ਤੋਂ ਬਾਅਦ ਆਉਣ ਵਾਲੇ ਅਗਲੇ ਸਾਲ ਦੀ ਅਪ੍ਰੈਲ ਦੇ ਪਹਿਲੇ ਦਿਨ ਤੋਂ ਪ੍ਰਭਾਵੀ ਹੋ ਜਾਵੇਗਾ ਅਤੇ ਉਸ ਤੋਂ ਬਾਅਦ ਪ੍ਰਭਾਵ ਵਿਚ ਰਹੇਗਾ, ਪਰੰਤੂ ਅਜਿਹੀ ਸਸ਼ਕਤ ਸਥਾਨਕ ਸੰਸਥਾ ਕਿਸੇ ਵੀ ਸਮੇਂ ,ਅਗਲੇ ਮਤੇ ਰਾਹੀਂ, ਇਹ ਘੋਸ਼ਨਾਂ ਕਰ ਸਕੇਗੀ ਕਿ ਅਜਿਹਾ ਮਤਾ ਇਸ ਦੇ ਪਾਸ ਕਰਨ ਦੀ ਤਰੀਕ ਤੋਂ ਬਾਅਦ ਆਉਣ ਵਾਲੇ ਅਗਲੇ ਸਾਲ ਦੀ ਅਪ੍ਰੈਲ ਦੇ ਪਹਿਲੇ ਦਿਨ ਤੋਂ ਪ੍ਰਭਾਵ ਰਹਿਤ ਹੋ ਜਾਵੇਗਾ, ਅਤੇ ਤੱਦ ਅਨੁਸਾਰ ਅਜਿਹਾ ਮਤਾ ਅਜਿਹੀ ਤਰੀਕ ਤੋਂ ਪ੍ਰਭਾਵ ਰਹਿਤ ਹੋ ਜਾਵੇਗਾ !

**6. ਕੁਲੈਕਟਰ ਸਸ਼ਕਤ ਸਥਾਨਕ ਸੰਸਥਾਵਾਂ ਦੇ ਮਤੇ ਦਾ ਪਾਬੰਦ ਰਹੇਗਾ.-** ਕੁਲੈਕਟਰ ਦੀਆਂ ਸ਼ਕਤੀਆਂ ਅਤੇ ਕਾਰਜਾਂ ਬਾਰੇ ਪੰਜਾਬ ਆਬਕਾਰੀ ਐਕਟ, 1914 , ਜਾਂ ਉਸ ਦੇ ਤਹਿਤ ਬਣਾਏ ਨਿਯਮਾਂ ਵਿਚ ਸ਼ਾਮਲ ਕਿਸੇ ਵਸਤੂ ਤੋਂ ਕੋਈ ਪ੍ਰਭਾਵ ਲਏ ਬਿਨਾਂ, ਜ਼ਿਲੇ ਦਾ ਕੁਲੈਕਟਰ , ਜਿਸ ਵਿਚ ਸਬੰਧਤ ਸਥਾਨਕ ਖੇਤਰ ਆਓਂਦਾ ਹੈ, ਧਾਰਾ 4 ਦੇ ਤਹਿਤ ਪਾਸ ਕੀਤੇ, ਅਤੇ ਧਾਰਾ 5 ਦੇ ਤਹਿਤ ਪ੍ਰੋੜ੍ਹਤਾ ਪ੍ਰਾਪਤ ਮਤੇ ਦਾ ਪਾਬੰਦ ਰਹੇਗਾ :

ਪਰੰਤੂ ਜ਼ੇਕਰ ਕੁਲੈਕਟਰ, ਲਿਖਤੀ ਰੂਪ ਵਿਚ ਕਾਰਣਾਂ ਦਾ ਉਲੇਖ ਕਰ ਕੇ, ਇਹ ਮਤ ਬਣਾਉਂਦਾ ਹੈ ਕਿ ਸਥਾਨਕ ਖੇਤਰ ਦੇ ਅੰਦਰ , ਅਜਿਹੇ ਮਤੇ ਦੇ ਪਾਸ ਕਰਨ ਦੀ ਤਰੀਕ ਤੋਂ ਪਹਿਲੇ ਦੋ ਸਾਲਾਂ ਦੇ ਸਮੇਂ ਵਿਚ ,ਅਜਿਹੇ ਸਥਾਨਕ ਖੇਤਰ ਵਿਚ ਰਹਿਣ ਵਾਲੇ ਕਿਸੇ ਵੀ ਵਿਅਕਤੀ ਨੇ ਗੈਰ-ਕਾਨੂੰਨੀ ਸ਼ਰਾਬ ਕੱਢਣ ਦਾ ਕੰਮ ਕੀਤਾ ਹੈ, ਜਾਂ ਉਸ ਵਿਚ ਉਸ ਦੀ ਸੰਮਤੀ ਰਹੀ ਹੈ, ਤਾਂ ਕੁਲੈਕਟਰ ਅਜਿਹੇ ਮਤੇ ਦਾ ਪਾਬੰਦ ਨਹੀਂ ਹੋਵੇਗਾ,ਸਿਵਾਏ ਉਸ ਹਾਲਾਤ ਵਿਚ ਜਦ ਕੁਲੈਕਟਰ ਇਹ ਸਮਝੇ ਕਿ ਉਹ ਇਸ ਦਾ ਪਾਬੰਦ ਹੈ !

## ਪਾਠ-3

## ਨਿਯਮ ਬਣਾਉਣ ਦੀ ਸ਼ਕਤੀ

**7. ਸਰਕਾਰ ਦੀਆਂ ਸ਼ਕਤੀਆਂ** .-ਰਾਜ ਸਰਕਾਰ ਜਨ- ਮੱਤ ਗਣਨਾ ਕਰਨ ਦੀ ਵਿਧੀ ਨੂੰ ਨਿਯਮਤ ਕਰਨ ਲਈ ਨਿਯਮ ਬਣਾ ਸਕੇਗੀ

**8 ਸਥਾਨਕ ਸੰਸਥਾਵਾਂ ਦੀਆਂ ਸ਼ਕਤੀਆਂ.-**ਸਸ਼ਕਤ ਸਥਾਨਕ ਸੰਸਥਾ ਨਿਮਨ ਲਿਖਤ ਤਜਵੀਜ਼ਾਂ ਲਈ ਨਿਯਮ ਬਣਾ ਸਕੇਗੀ ;

(ਏ) ਸਥਾਨਕ ਖੇਤਰ ਦਾ ਉਹ ਭਾਗ ਜਿਸ ਵਿਚ ਲਾਈਸੇਂਸ-ਸ਼ੁਦਾ ਦੁਕਾਨਾਂ ਸਥਿਤ ਹੋਣ ਗੀਆਂ :

(ਬੀ) ਜਿਨ੍ਹਾਂ ਘੰਟਿਆਂ ਦੋਰਾਨ ਅਜਿਹੀਆਂ ਦੁਕਾਨਾਂ ਤੇ ਸ਼ਰਾਬ ਵੇਚੀ ਜਾ ਸਕੇਗੀ :

(ਸੀ) ਉਹਨਾਂ ਵਿਅਕਤੀਆਂ ਦੀ ਘਟੋ ਘਟ ਉਮਰ, ਜਿਹੜੀ 18 ਸਾਲ ਤੋਂ ਵੱਧ ਨਹੀਂ ਹੋਵੇ ਗੀ, ਜਿਹਨਾਂ ਨੂੰ ਅਜਿਹੀਆਂ ਦੁਕਾਨਾਂ ਵਿਚ ਸ਼ਰਾਬ ਪਰੋਸੀ ਜਾ ਸਕੇਗੀ !

## ਪਾਠ-4

## ਵਿਦੇਸ਼ੀ ਸ਼ਰਾਬ

**9. ਵਿਦੇਸ਼ੀ ਸ਼ਰਾਬ ਬਾਰੇ ਵਿਸ਼ੇਸ਼ ਵਿਵਸਥਾਵਾਂ**..-ਹੇਠ ਲਿਖੇ ਤੋਂ ਛੁਟ, ਇਸ ਐਕਟ ਦੀਆਂ ਵਿਵਸਥਾਵਾਂ ਵਿਦੇਸ਼ੀ ਸ਼ਰਾਬ ਦੀ ਵਿਕਰੀ ਉਤੇ ਲਾਗੂ ਨਹੀਂ ਹੋਣਗੀਆਂ, ਪਰੰਤੂ ਜਦੋਂ ਇਕ ਸਸ਼ਕਤ ਸਥਾਨਕ ਨੇ ਧਾਰਾ 4 ਜਾਂ ਧਾਰਾ 5 ਦੇ ਤਹਿਤ ਲਾਇਸੈਂਸ-ਸ਼ੁਦਾ ਦੁਕਾਨਾਂ ਦੀ ਵਧੋ ਵੱਧ ਗਿਣਤੀ ਨਿਸ਼ਚਿਤ ਕਰ ਦਿਤੀ ਹੋਵੇ , ਜਾਂ ਧਾਰਾ 4 ਜਾਂ ਧਾਰਾ 5 ਦੇ ਤਹਿਤ ਸ਼ਰਾਬ ਦੀ ਵਿਕਰੀ ਤੇ ਪਾਬੰਦੀ ਲਗਾ ਦਿਤੀ ਹੋਵੇ , ਅਤੇ *ਰਾਜ ਸਰਕਾਰ ਸੰਤੁਸ਼ਟ ਹੋਵੇ ਕਿ ਸਬੰਧਤ ਸਥਾਨਕ ਖੇਤਰ ਵਿਚ ਵਿਦੇਸ਼ੀ ਸ਼ਰਾਬ ਦੀ ਵਿਕਰੀ ਕਾਰਣ ਅਜਿਹੀ ਵਿਵਸਥਾ ਜਾਂ ਪਾਬੰਦੀ ਲਗਾਉਣ ਦੇ ਮੰਤਵ ਨਾਲ ਛਲ ਹੋ ਰਿਹਾ ਹੈ, ਤਾਂ ਰਾਜ ਸਰਕਾਰ, ਪੰਜਾਬ ਆਬਕਾਰੀ ਐਕਟ, 1914 ਦੀ ਧਾਰਾ 58 ਦੇ ਤਹਿਤ ਨਿਯਮ ਬਣਾ ਕੇ ਕੁਲੈਕਟਰ ਉਤੇ ਉਸ ਸਥਾਨਕ ਖੇਤਰ ਵਿਚ ਵਿਦੇਸ਼ ਸ਼ਰਾਬ ਦੀ ਵਿਕਰੀ ਲਈ ਲਾਇਸੈਂਸ ਦੇਣ ਤੇ ਰੋਕ ਲਗਾਵੇਗੀ ਕਿ ਉਹ ਅਜਿਹੀ ਸਸ਼ਕਤ ਸਥਾਨਕ ਸੰਸਥਾ ਵਲੋਂ ਦੇਸੀ ਸ਼ਰਾਬ ਦੇ ਸਬੰਧ ਵਿਚ ਪਾਸ ਕੀਤੇ ਗਏ, ਜਾਂ ਪਾਸ ਕੀਤੇ ਜਾਣ ਵਾਲੇ, ਕਿਸੇ ਅਜਿਹੇ ਮਤੇ ਦੀਆਂ ਸ਼ਰਤਾਂ ਦੇ ਅਨੁਸਾਰ , ਜਾਂ ਸਰਕਾਰ ਤੋਂ ਵਿਸ਼ੇਸ਼

ਮੰਜੂਰੀ ਲੈ ਕੇ, ਅਜਿਹਾ ਲਾਈਸੈਂਸ ਦੇਣ ਤੋਂ ਇਲਾਵਾ ਉਸ ਸਥਾਨਕ ਖੇਤਰ ਵਿਚ ਵਿਦੇਸ਼ੀ ਸ਼ਰਾਬ ਦੀ ਵਿਕਰੀ ਲਈ ਲਾਇਸੈਂਸ ਨਹੀਂ ਦੇ ਸਕੇਗਾ !

**ਪਾਠ-5**

**ਸਧਾਰਣ**

**10. ਦੰਡ-** ਕੋਈ ਵੀ ਵਿਅਕਤੀ ਜਿਹੜਾ ਇਸ ਐਕਟ ਦੀ ਧਾਰਾ 8 ਦੇ ਤਹਿਤ ਬਣੇ ਕਿਸੇ ਨਿਯਮ ਦੀ ਉਲੰਘਣਾਂ ਕਰਦਾ ਹੈ, ਜੁਰਮਾਨੇ ਦੀ ਸਜ਼ਾ ਦਾ ਭਾਗੀਦਾਰ ਹੋਵੇਗਾ, ਜਿਹੜਾ ਇਕ ਸੌ ਰੁਪਏ ਤੱਕ ਹੋ ਸਕਦਾ ਹੈ !

**11. ਪੰਜਾਬ ਆਬਕਾਰੀ ਐਕਟ, 1914 ਦੀਆਂ ਵਿਕਸਥਾਵਾਂ ਦਾ ਬਚਾਓ-** ਇਸ ਐਕਟ ਦੀਆਂ ਵਿਵਸਥਾਵਾਂ ਦੇ ਤਾਂਬੇ ਰਹਿੰਦੇ ਹੋਏ,ਪੰਜਾਬ ਆਬਕਾਰੀ ਐਕਟ, 1914 (1914 ਦਾ ਨੰਬਰ 1 ), ਅਤੇ ਉਸ ਦੇ ਤਹਿਤ ਬਣੇ ਨਿਯਮਾਂ ਦੀਆਂ ਵਿਵਸਥਾਵਾਂ ਸਾਰੀਆਂ ਸਸ਼ਕਤ ਸਥਾਨਕ ਸੰਸਥਾਵਾਂ ਦੇ ਸਥਾਨਕ ਖੇਤਰਾਂ ਵਿਚ ਪੂਰਣ ਰੂਪ ਵਿਚ ਲਾਗੂ ਅਤੇ ਪ੍ਰਭਾਵੀ ਰਹਿਣਗੀਆਂ !

---

* ਸ਼ਬਦ "ਸੂਬਾਈ" ਦੀ ਥਾਂ ਸ਼ਬਦ 'ਰਾਜ" ਕਾਨੂੰਨ ਅਨੁਕੂਲਤਾ ਹੁਕਮ, 1950 ਦੁਆਰਾ ਦੁਆਰਾ ਪ੍ਰਤੀਸਥਾਪਿਤ ਕੀਤਾ ਗਿਆ

** ਪੰਜਾਬ ਸਰਕਾਰ ਦੇ ਗਜ਼ਟ , 1923, ਭਾਗ-1 ਵਿੱਚ ਛਪਿਆ